**ਵਿਸ਼ਾ - ਪੰਜਾਬੀ** **ਜਮਾਤ - ਛੇਵੀਂ...**

# ਮੇਰਾ ਮਨਭਾਉਂਦਾ ਅਧਿਆਪਕ ( ਲੇਖ ਰਚਨਾ )



## ਮੇਰਾ ਮਨਭਾਉਂਦਾ ਅਧਿਆਪਕ..

ਮੈਂ ਗੁਰਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰਡੋਰੀ ਰਣ ਸਿੰਘ ਵਿਖੇ ਪੜ੍ਹਦਾ ਹਾਂ। ਸਾਡੇ ਸਕੂਲ ਦੇ ਸਾਰੇ ਹੀ ਅਧਿਆਪਕ ਬਹੁਤ ਹੀ ਯੋਗ ਹਨ। ਪਰ ਮੈਨੂੰ ਸਭ ਤੋਂ ਚੰਗੇ ਤੇ ਪਿਆਰੇ ਸਾਡੇ ਪੰਜਾਬੀ ਦੇ ਅਧਿਆਪਕ ਸਰਦਾਰ ਬਲਕਾਰ ਸਿੰਘ ਜੀ ਲਗਦੇ ਹਨ।

ਸਾਡੇ ਸਕੂਲ ਵਿਚ ਉਹ ਸਭ ਤੋਂ ਹਰਮਨ ਪਿਆਰੇ ਹਨ। ਉਨ੍ਹਾਂ ਦਾ ਪੜ੍ਹਾਉਣ ਦਾ ਤਰੀਕਾ ਬਹੁਤ ਹੀ ਵਧੀਆ ਹੈ। ਉਨ੍ਹਾਂ ਦੁਆਰਾ ਪੜ੍ਹਾਈ ਹੋਈ ਹਰ ਚੀਜ਼ ਵਿਦਿਆਰਥੀਆਂ ਨੂੰ ਚੰਗੀ ਤਰਾਂ ਸਮਝ ਆ ਜਾਂਦੀ ਹੈ। ਜਮਾਤ ਵਿਚ ਪੜਾਉਂਦੇ ਸਮੇਂ ਉਹ ਗੰਭੀਰ ਵਿਸ਼ੇ ਨੂੰ ਵੀ ਬੜੀ ਹੀ ਸੌਖੀ ਤਰਾਂ ਸਮਝਾ ਦਿੰਦੇ ਹਨ।

ਉਹ ਕਦੇ ਵੀ ਵਿਦਿਆਰਥੀਆਂ ਨੂੰ ਮਾਰਦੇ ਕੁੱਟਦੇ ਨਹੀਂ ਸਗੋਂ




ਬਹੁਤ ਹੀ ਪਿਆਰ ਕਰਦੇ ਹਨ । ਉਹ ਪੰਜਾਬੀ ਦੀ ਹਰ ਇੱਕ ਗੱਲ ਬਹੁਤ ਹੀ ਵਧੀਆ ਤਰੀਕੇ ਨਾਲ ਉਦਾਹਰਣ ਦੇ ਕੇ ਸਮਝਾ ਦਿੰਦੇ ਹਨ । ਉਹ ਵਿਦਿਆਰਥੀਆਂ ਦੀ ਹਰ ਇੱਕ ਮੁਸ਼ਕਲ ਨੂੰ ਹੱਲ ਕਰਨ ਦੀ ਪੂਰੀ ਕੋਸ਼ਿਸ ਕਰਦੇ ਹਨ ਤੇ ਸਕੂਲ ਦੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿਚ ਰਹਿਣ, ਵੱਡਿਆਂ ਦਾ ਆਦਰ ਕਰਨ, ਮਾਤਾ-ਪਿਤਾ ਨਾਲ ਪਿਆਰ ਤੇ ਕਹਿਣਾ ਮੰਨਣ ਦੀ ਵੀ ਸਿੱਖਿਆ ਦਿੰਦੇ ਹਨ ।

ਉਹ ਸਮੇਂ ਦੇ ਬੜੇ ਪਾਬੰਦ ਹਨ ਤੇ ਸਮੇਂ ਅਨੁਸਾਰ ਕਲਾਸ ਵਿਚ ਪਹੁੰਚ ਜਾਂਦੇ ਹਨ । ਉਹ ਬਹੁਤ ਹੀ ਚੰਗੇ ਕਵੀ ਅਤੇ ਗਾਇਕ

ਵੀ ਹਨ ਅਤੇ ਵਿਦਿਆਰਥੀਆਂ ਨੂੰ ਸਕੂਲ ਦੇ ਹਰ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਹੌਂਸਲਾ ਵੀ ਦਿੰਦੇ ਹਨ ।

ਸਕੂਲ ਦੇ ਹਰ ਸਮਾਗਮ ਵਿਚ ਉਨ੍ਹਾਂ ਨੂੰ ਕੁੱਝ ਸਮਾਂ ਜਰੂਰ ਦਿੱਤਾ ਜਾਂਦਾ ਹੈ । ਸਾਡੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਤੇ ਸਾਰੇ ਅਧਿਆਪਕ ਉਨਾਂ ਦਾ ਬਹੁਤ ਹੀ ਆਦਰ ਸਤਿਕਾਰ ਕਰਦੇ ਹਨ । ਮੈਂ ਅਜਿਹੇ ਅਧਿਆਪਕ ਤੋਂ ਸਿੱਖਿਆ ਲੈ ਕੇ ਆਪਣੇ ਆਪ ਤੇ ਮਾਣ ਮਹਿਸੂਸ ਕਰਦਾ ਹਾਂ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529 ★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ। ★